**ਪੰਜਾਬ ਸਰਕਾਰ**

**ਸਕੂਲ ਸਿੱਖਿਆ ਵਿਭਾਗ**

**ਦਫਤਰਃ ਡਾਇਰੈਕਟਰ ਸਿਖਿਆ ਵਿਭਾਗ(ਸੈਃਸਿਃ) ਪੰਜਾਬ, ਐਸ.ਏ.ਐਸ.ਨਗਰ।**

ਵੱਲ

ਸਮੂਹ ਜਿਲ੍ਹਾ ਸਿਖਿਆ ਅਫਸਰ(ਸੈਸਿ),ਪੰਜਾਬ।
ਸਮੂਹ ਜਿਲ੍ਹਾ ਸਿਖਿਆ ਅਫਸਰ(ਐਸਿ),ਪੰਜਾਬ।
ਸਮੂਹ ਸਕੂਲ ਮੁਖੀ, ਪੰਜਾਬ।

ਮੀਮੋ ਨੰਬਰ DPISE-SEDU0GENL/7/2021-SE/2021163473
ਮਿਤੀਃ ਸ.ਅ.ਸ.ਨਗਰ, 21-05-2021

ਵਿਸ਼ਾਃ ਸਕੂਲ ਮੁਖੀਆਂ ਦੁਆਰਾ ਈ-ਪੰਜਾਬ ਪੋਰਟਲ ਤੇ ਵੇਰਵੇ ਅਪਡੇਟ ਕਰਨ ਸਬੰਧੀ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਸੈਸ਼ਨ 2021-22 ਦੌਰਾਨ ਅਧਿਆਪਕਾਂ/ਸਕੂਲ ਮੁਖੀਆਂ/ਅਧਿਕਾਰੀਆਂ ਵੱਲੋਂ ਪ੍ਰੀ-ਪ੍ਰਾਇਮਰੀ ਜਮਾਤ ਤੋਂ ਬਾਰ੍ਹਵੀਂ ਜਮਾਤ ਤੱਕ ਵਿਦਿਆਰਥੀਆਂ ਦੇ ਦਾਖਲਿਆਂ ਵਿੱਚ ਨਿਰੰਤਰ ਵਾਧਾ ਕੀਤਾ ਜਾ ਰਿਹਾ ਹੈ। ਇਸ ਕੜੀ ਅਧੀਨ ਵਿਭਾਗ ਵੱਲੋਂ ਜਿਲ੍ਹਾ ਸਿਖਿਆ ਅਫਸਰ/ਬਲਾਕ ਨੋਡਲ ਅਫਸਰ/ਸਕੂਲ ਮੁਖੀਆਂ ਨਾਲ ਲਗਾਤਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।

3.0 ਇਸ ਤੋਂ ਇਲਾਵਾ ਕੁਝ ਸਕੂਲ ਮੁਖੀਆਂ (ਪ੍ਰਿੰਸੀਪਲ/ਹੈਡਮਾਸਟਰ) ਵੱਲੋਂ ਈ -ਪੰਜਾਬ ਪੋਰਟਲ ਤੇ ਸਕੂਲ ਲਾਗ-ਇਨ ਅਧੀਨ ਆਪਣੀ ਨਿਯੁਕਤੀ (ਸਿੱਧੀ ਜਾਂ ਪਦਉਨਤੀ) ਸਬੰਧੀ ਵੇਰਵੇ ਅਪਡੇਟ ਨਹੀਂ ਕੀਤੇ ਗਏ। ਇਸ ਲਈ ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਈ-ਪੰਜਾਬ ਪੋਰਟਲ ਤੇ ਆਪਣੇ ਪੂਰੇ ਵੇਰਵੇ ਅਤੇ ਮੋਬਾਇਲ ਨੰਬਰ ਦੋ ਦਿਨਾਂ ਦੇ ਅੰਦਰ-ਅੰਦਰ ਅਪਡੇਟ ਕਰਨ।

4.0 ਇਹਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਸਕੱਤਰ, ਸਕੂਲ ਸਿੱਖਿਆ